Washington State Department of Social & Health Services
Transforming lives

**ਦਸੰਬਰ 2023**

# ਭਾਈਚਾਰਕ ਸੁਰੱਖਿਆ ਸਬੰਧੀ ਛੋਟ



## ਸੰਖੇਪ ਜਾਣਕਾਰੀ

ਭਾਈਚਾਰਕ ਸੁਰੱਖਿਆ ਸਬੰਧੀ ਛੋਟ, DSHS ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ) ਬਾਰੇ ਪ੍ਰਸ਼ਾਸਨ (DSHS Developmental Disabilities Administration) ਦੀ ਸੰਘ ਦੀ ਘਰ ਅਤੇ ਭਾਈਚਾਰਕ ਆਧਾਰਿਤ ਸੇਵਾਵਾਂ ਛੋਟਾਂ ਵਿੱਚੋਂ ਇੱਕ ਹੈ। ਇਹ ਰਿਹਾਇਸ ਸਬੰਧੀ ਸਹਾਇਤਾ ਦੀ ਪੇਸ਼ਕਸ਼ ਉਹਨਾਂ ਵਿਅਕਤੀਆਂ ਲਈ ਕਰਦਾ ਹੈ ਜੋ ਘੱਟੋ-ਘੱਟ 18 ਸਾਲ ਦੀ ਉਮਰ ਦੇ ਹਨ ਅਤੇ DDA ਅਤੇ ਭਾਈਚਾਰਕ ਸੁਰੱਖਿਆ ਪ੍ਰੋਗਾਰਮ ਦੇ ਮਾਪਦੰਡਾਂ ਨੂੰ ਵੀ ਪੂਰਾ ਕਰਦੇ ਹਨ।

ਵਿਅਕਤੀਆਂ ਦਾ ਆਪਣੀ ਅਤੇ ਹੋਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 24-ਘੰਟੇ, ਆੱਨ-ਸਾਈਟ ਸਟਾਫ ਦੀ ਨਿਗਰਾਨੀ ਦੀ ਲੋੜ ਲਈ ਮੁਲਾਂਕਣ ਕੀਤਾ ਗਿਆ ਹੈ। ਵਿਅਕਤੀ ਨੂੰ ਭਾਈਚਾਰਕ ਸੁਰੱਖਿਆ ਵਿਅਕਤੀਗਤ ਸਹਾਇਤਾ ਯੋਜਨਾ ਨਾਲ ਜ਼ਰੂਰ ਸਹਿਮਤ ਹੋਣਾ ਚਾਹੀਦਾ ਹੈ। ਕੋਈ ਵੀ ਵਿਅਕਤੀ ਕਿਸੇ ਵੀ ਸਮੇਂ ਛੋਟ 'ਤੇ ਪੰਜੀਕਰਣ ਹੋਣ ਜਾਂ ਕਿਸੇ ਵੱਖਰੀ ਛੋਟ ਵਿੱਚ ਪੰਜੀਕਰਣ ਹੋਣ ਦੀ ਬੇਨਤੀ ਕਰ ਸਕਦਾ ਹੈ। ਪੰਜੀਕਰਣ ਸਮਰੱਥਾ 'ਤੇ ਆਧਾਰਿਤ ਹੁੰਦਾ ਹੈ।

## ਸੇਵਾਵਾਂ ਵਿੱਚ ਸ਼ਾਮਿਲ

- ਸਹਾਇਕ ਤਕਨਾਲੋਜੀ।
- ਭਾਈਚਾਰਕ ਪਰਿਵਰਤਨ।
- ਮਾਹੌਲ ਨੂੰ ਅਨੁਕੂਲ ਬਣਾਉਣਾ।
- ਬੈੱਡ ਬਗਸ ਦਾ ਖਾਤਮਾ।
- ਵਿਅਕਤੀਗਤ ਜਾਂ ਗਰੁੱਪ ਸਮਰਥਿਤ ਰੁਜ਼ਗਾਰ।
- ਵਿਅਕਤੀਗਤ ਤਕਨੀਕੀ ਸਹਾਇਤਾ।
- ਵਿਵਸਾਇਕ, ਸਪੀਚ ਅਤੇ ਫਿਜੀਕਲ ਥੈਰੇਪੀਆਂ (ਬਾਲਗਾਂ ਲਈ, ਜਦੋਂ ਸਟੇਟ ਯੋਜਨਾ ਲਾਭਾਂ ਦੇ ਅਧੀਨ ਨਹੀਂ ਆਉਂਦੇ ਹਨ)।
- ਰਿਹਾਇਸ਼ੀ ਆਵਾਸ।
- ਜੋਖਮ ਦਾ ਮੁਲਾਂਕਣ।
- ਮੁਹਾਰਤੀ ਨਰਸਿੰਗ (21 ਸਾਲ ਤੋਂ ਵੱਧ ਉਮਰ)।
- ਵਿਸ਼ੇਸ਼ ਉਪਕਰਨ ਅਤੇ ਸਪਲਾਈ।
- ਵਿਸ਼ੇਸ਼ ਮੁਲਾਂਕਣ ਅਤੇ ਸਲਾਹ।
- ਸਥਿਰੀਕਰਨ ਸੇਵਾਵਾਂ - ਵਿਸ਼ੇਸ਼ ਰਿਹਾਇਸ਼।
- ਸਥਿਰੀਕਰਨ ਸੇਵਾਵਾਂ – ਸਟਾਫ ਅਤੇ ਪਰਿਵਾਰਕ ਸਲਾਹ।
- ਸਥਿਰੀਕਰਨ ਸੇਵਾਵਾਂ - ਸੰਕਟ ਡਾਇਵਰਸ਼ਨ ਬੈੱਡ।
- ਸਟਾਫ ਅਤੇ ਪਰਿਵਾਰਕ ਸਲਾਹ।
- ਟ੍ਰਾਂਸਪੋਰਟੇਸ਼ਨ।

## ਯੋਗਤਾ

DDA ਕਲਾਇੰਟ ਜੋ:

- ਸਮਾਜਕ ਸੁਰੱਖਿਆ ਅਸਮਰੱਥਾ (ਅਪਾਹਜਤਾ) ਮਾਪਦੰਡ ਨੂੰ ਪੂਰਾ ਕਰਦੇ ਹਨ।
- ਸੰਭਾਲ ਦੇ ਸੰਸਥਾਗਤ ਮਾਪਦੰਡ ਨੂੰ ਪੂਰਾ ਕਰਦੇ ਹਨ।
- Washington ਦੇ ਐਪਲ ਹੈਲਥ (Apple Health of Washington) ਦੇ ਆਮਦਨ ਅਤੇ ਸਰੋਤ ਮਿਆਰਾਂ ਨੂੰ ਪੂਰਾ ਕਰਦੇ ਹਨ। (ਕਲਾਇੰਟ ਦੀ ਆਮਦਨ ਅਤੇ ਸਰੋਤ)।
- ਅਮਰੀਕਾ ਦੇ ਨਾਗਰਿਕ ਜਾਂ ਸੰਘੀ ਤੌਰ 'ਤੇ ਯੋਗ ਕਾਨੂੰਨੀ ਨਿਵਾਸੀ ਹਨ।
- ਜਿਹਨਾਂ ਦੇ ਕੋਲ DDA ਮੁਲਾਂਕਣ ਅਤੇ ਵਿਅਕਤੀ-ਕੇਂਦਰਿਤ ਸੇਵਾ ਯੋਜਨਾ ਹੈ ਜੋ ਦੱਸਦੀ ਹੈ ਕਿ ਭਾਗੀਦਾਰ ਦੀ ਸਿਹਤ, ਸੁਰੱਖਿਆ ਅਤੇ ਆਵਾਸ ਲੋੜਾਂ ਨੂੰ ਭਾਈਚਾਰੇ ਵਿੱਚ ਕਿਵੇਂ ਪੂਰਾ ਕੀਤਾ ਜਾਵੇਗਾ।
- ਸੰਸਥਾਗਤ ਸੇਵਾਵਾਂ ਦੇ ਵਿਕਲਪ ਵਜੋਂ ਘਰ ਅਤੇ ਭਾਚੀਚਾਰਕ-ਆਧਾਰਿਤ ਸੇਵਾਵਾਂ ਨੂੰ ਸਵੀਕਾਰ ਕਰਨਾ।
- ਭਾਈਚਾਰਕ ਸੁਰੱਖਿਆ ਸਬੰਧੀ ਛੋਟ ਦੇ ਭਾਗੀਦਾਰਾਂ ਨੂੰ WAC 388-831-0030 ਵਿੱਚ ਦਿੱਤੇ ਭਾਈਚਾਰਕ ਸੁਰੱਖਿਆ ਪ੍ਰੋਗਰਾਮ ਦੇ ਮਾਪਦੰਡ ਵੀ ਜ਼ਰੂਰ ਪੂਰੇ ਕਰਨੇ ਚਾਹੀਦੇ ਹਨ।

*(ਅਗਲੇ ਪੇਜ 'ਤੇ ਜਾਰੀ)*

ਸੰਪਰਕ: ਐਨ ਵੈਸੀਲੇਵ (Ann Vasilev), ਛੋਟ ਸੇਵਾ ਮੈਨੇਜਰ • Ann.Vasilev@dshs.wa.gov • 360-407-1500
ਹੋਰ ਜਾਣਕਾਰੀ ਲਈ ਇੱਥੇ ਜਾਓ: https://www.dshs.wa.gov/dda/

Washington ਸਟੇਟ ਦਾ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ
(Washington State Department of Social and Health Services)
DSHS 22-1959 PJ (12/23) Punjabi

Washington State
Department of Social
& Health Services
Transforming lives



## ਰੇਟ

ਛੋਟ ਸੇਵਾਵਾਂ ਬਹੁਤ ਸਾਰੇ ਵੱਖ-ਵੱਖ ਇਕਰਾਰਨਾਮੇ ਵਾਲੇ ਸੇਵਾ ਪ੍ਰਦਾਤਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਰੇਟ ਪੇਸ਼ ਕੀਤੀ ਗਈ ਸੇਵਾ 'ਤੇ ਨਿਰਭਰ ਹੁੰਦੇ ਹਨ। ਸੇਵਾ ਦੇ ਰੇਟ ਇੱਥੇ ਲੱਭੇ ਜਾ ਸਕਦੇ ਹਨ: https://www.dshs.wa.gov/altsa/management-services-division/office-rates-management.

## ਬਜਟ

ਭਾਈਚਾਰਕ ਸੁਰੱਖਿਆ ਸਬੰਧੀ ਛੋਟ ਦੀ ਸਮਰੱਥਾ 433 ਵਿਅਕਤੀਆਂ ਤੱਕ ਦੀ ਹੈ। ਸਟੇਟ ਦੇ FY23 ਵਿੱਚ, 391 ਕਲਾਇੰਟਾਂ ਨੂੰ ਭਾਈਚਾਰਕ ਸੁਰੱਖਿਆ ਸਬੰਧੀ ਛੋਟ 'ਤੇ ਪ੍ਰਤੀ ਮਹੀਨਾ $21,798 ਦੀ ਔਸਤ ਕੀਮਤ 'ਤੇ ਸੇਵਾ ਦਿੱਤੀ ਗਈ ਸੀ।

ਮੁਲਾਂਕਣ ਕੀਤੇ ਕਲਾਇੰਟ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਲੋੜੀਂਦਾਂ ਸੇਵਾਵਾਂ ਦੇ ਕਿਸੇ ਵੀ ਸੁਮੇਲ ਲਈ ਬੌਧਿਕ ਅਸਮਰਥਤਾਵਾਂ ਵਾਲੇ ਵਿਅਕਤੀਆਂ ਲਈ ਇੰਟਰਮੀਡੀਏਟ ਸੰਭਾਲ ਸਹੂਲਤ ਦੀ ਔਸਤ ਲਾਗਤ ਤੱਕ ਛੋਟਾਂ ਸੀਮਿਤ ਹੁੰਦੀਆਂ ਹਨ। DDA ਫੰਡਾਂ ਦੀ ਘਾਟ ਦੇ ਕਾਰਨ ਛੋਟ ਵਾਲੇ ਲੋਕਾਂ ਨੂੰ ਸੇਵਾਵਾਂ ਦੇਣ ਤੋਂ ਇਨਕਾਰ ਨਹੀਂ ਕਰ ਸਕਦੇ, ਇਸ ਲਈ ਛੋਟ ਦੇ ਖਰਚਿਆਂ ਦੀ ਨਿਗਰਾਨੀ ਧਿਆਨ ਨਾਲ ਕੀਤੀ ਜਾਂਦੀ ਹੈ।

## ਨਿਗਰਾਨੀ

### ਬਾਹਰੀ

- DSHS ਰਿਹਾਇਸ਼ੀ ਸੰਭਾਲ ਸੇਵਾਵਾਂ ਬਾਰੇ ਡਿਵੀਜ਼ਨ (DSHS Residential Care Services Division)।
- Medicare ਅਤੇ Medicaid ਸੇਵਾਵਾਂ ਲਈ ਕੇਂਦਰ।
- ਨੈਸ਼ਨਲ ਕੋਰ ਇੰਡੀਕੇਟਰ ਪ੍ਰੋਜੈਕਟ।
- Washington ਸਟੇਟ ਦਾ ਆਡੀਟਰ ਬਾਰੇ ਦਫ਼ਤਰ।
- Washington ਸਟੇਟ ਦਾ ਸਿਹਤ ਬਾਰੇ ਵਿਭਾਗ (Washington State Department of Health)

### ਅੰਦਰੂਨੀ

- ਪ੍ਰੋਗਰਾਮ ਅਤੇ ਪਾਲਿਸੀ ਵਿਕਾਸ ਬਾਰੇ DDA ਦਫ਼ਤਰ।
- ਗੁਣਵੱਤਾ, ਪਾਲਣਾ ਅਤੇ ਸਿਖਲਾਈ ਬਾਰੇ DDA ਦਫ਼ਤਰ।
- ਪ੍ਰਦਾਤਾ ਪਾਲਣਾ ਅਤੇ ਪਰਿਵਰਤਨ ਗੁਣਵੱਤਾ ਭਰੋਸੇ ਬਾਰੇ DDA ਦਫ਼ਤਰ।

## ਅਥਾਰਿਟੀ

- ਸੋਸ਼ਲ ਸਕਿਊਰਿਟੀ ਐਕਟ ਦੀ ਧਾਰਾ 1915(c) ਦੇ ਤਹਿਤ ਸੰਘੀ ਵਿੱਤੀ ਪੋਸ਼ਣ, ਘਰ ਅਤੇ ਭਾਈਚਾਰਕ ਆਧਾਰਿਤ ਸੇਵਾਵਾਂ ਦੀ ਛੋਟ ਅਤੇ ਸਟੇਟ ਵਿੱਤ ਪੋਸ਼ਣ।
- ਚੈਪਟਰ 71A RCW, ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ)।
- ਚੈਪਟਰ 388-845 WAC, DDA ਹੋਮ ਅਤੇ ਕਮਿਊਨਿਟੀ-ਆਧਾਰਿਤ ਸੇਵਾਵਾਂ ਬਾਰੇ ਛੋਟਾਂ।